# ਸਰਕਾਰੀ ਆਯੂਰਵੈਦਿਕ ਕਾਲਜ, ਪਟਿਆਲਾ

## ਨਿਲਾਮੀ ਨੋਟਿਸ ਸਬੰਧੀ ਸ਼ਰਤਾਂ

1. ਇਸ ਸੰਸਥਾ ਵਿਖੇ ਪਏ ਕੰਡਮ ਸਮਾਨ ਜਿਵੇਂ ਕਿ ਲੋਹਾ, ਲੱਕੜ ਅਤੇ ਬਿਜਲੀ ਦੇ ਸਮਾਨ ਦੀ ਔਕਸ਼ਨ ਸਬੰਧੀ ਬੋਲੀ ਮਿਤੀ- 10-07-26 ਦਿਨ- ਸ਼ੁਕਰਵਾਰ ਨੂੰ ਸਵੇਰੇ 11.00 ਵਜੇ ਸਰਕਾਰੀ ਆਯੂਰਵੈਦਿਕ ਕਾਲਜ ਵਿਖੇ ਕੀਤੀ ਜਾਵੇਗੀ।
2. ਬੋਲੀਕਾਰ (ਠੇਕੇਦਾਰ) ਨੂੰ ਬੋਲੀ ਵਿੱਚ ਹਿੱਸਾ ਲੈਣ ਤੋਂ ਪਹਿਲਾ 10,000/- ਰੁਪਏ ਐਡਵਾਂਸ ਬਤੌਰ ਸਕਿਓਰਟੀ ਦਫਤਰ ਦੇ ਕੈਸ਼ੀਅਰ ਕੋਲ ਜਮਾਂ ਕਰਵਾਉਣੇ ਹੋਣਗੇ ਅਤੇ ਰਸੀਦ ਦੀ ਕਾਪੀ ਬੋਲੀ ਸਮੇਂ ਪੇਸ਼ ਕਰਨੀ ਲਾਜ਼ਮੀ ਹੋਵੇਗੀ। ਇਹ ਜਮਾਂ ਕਰਵਾਈ ਗਈ ਰਕਮ ਬੋਲੀ ਵਿੱਚ ਸਫਲ ਨਾ ਹੋਣ ਦੀ ਸੂਰਤ ਵਿੱਚ ਸਬੰਧਤ ਬੋਲੀਕਾਰ (ਠੇਕੇਦਾਰ) ਨੂੰ ਵਾਪਿਸ ਕਰ ਦਿੱਤੇ ਜਾਣਗੇ।
3. ਜਿਸ ਬੋਲੀਕਾਰ (ਠੇਕੇਦਾਰ) ਦੀ ਬੋਲੀ ਮੰਜੂਰ ਹੋਵੇਗੀ, ਉਸਨੂੰ ਬੋਲੀ ਉਪਰੰਤ 10,000/- ਰੁਪਏ ਹੋਰ ਦਫਤਰ ਦੇ ਕੈਸ਼ੀਅਰ ਕੋਲ ਮੌਕੇ ਤੇ ਹੀ ਜਮਾਂ ਕਰਵਾਉਣੇ ਹੋਣਗੇ। ਜਿਸ ਉਪਰੰਤ ਬਾਕੀ ਰਹਿੰਦੀ ਰਕਮ ਤਿੰਨ ਦਿਨਾਂ ਦੇ ਅੰਦਰ ਅੰਦਰ ਸਮਾਨ ਦਾ ਵਜਨ ਕਰਨ ਉਪਰੰਤ ਅਤੇ ਸਮਾਨ ਚੁੱਕਣ ਤੋਂ ਪਹਿਲਾਂ ਦਫਤਰ ਦੇ ਕੈਸ਼ੀਅਰ ਪਾਸ ਜਮਾਂ ਕਰਵਾਉਣ ਦੇ ਪਾਬੰਦ ਰਹਿਣਗੇ।
4. ਇਸ ਬੋਲੀ ਵਿੱਚ ਉਹ ਬੋਲੀਕਾਰ (ਠੇਕੇਦਾਰ) ਹੀ ਭਾਗ ਲੈ ਸਕਦਾ ਹੈ ਜਿਸ ਕੋਲ ਭਾਰ ਤੋਲਣ ਵਾਲੀ ਮਸ਼ੀਨ ਉਪਲੱਬਧ ਹੋਵੇਗੀ ਅਤੇ ਇਸ ਸਬੰਧੀ ਉਸ ਵੱਲੋਂ ਮਸ਼ੀਨ ਸਬੰਧੀ ਸਬੂਤ ਪੇਸ਼ ਹੋਏ ਅੰਡਰਟੇਕਿੰਗ ਵੀ ਦਫਤਰ ਵਿਖੇ ਜਮਾਂ ਕਰਵਾਉਣੀ ਪਵੇਗੀ।
5. ਇਹ ਲੋਹਾ ਬੋਲੀਕਾਰ ਵੱਲੋਂ ਭਾਰ ਤੋਲਣ ਵਾਲੀ ਮਸ਼ੀਨ ਜਾਂ ਧਰਮਕੰਡੇ ਰਾਹੀਂ ਭਾਰ ਤੋਲਣ ਲਈ ਪਾਬੰਦ ਹੋਵੇਗੀ।
6. ਇਸ ਤਰਾਂ ਹੀ ਸਫਲ ਬੋਲੀਕਾਰ (ਠੇਕੇਦਾਰ) ਵੱਲੋਂ ਬੋਲੀ ਦੀਆਂ ਸ਼ਰਤਾਂ ਪੂਰੀਆਂ ਨਾ ਕਰਨ ਕਾਰਨ ਉਸ ਤੋਂ ਬਾਅਦ ਵਾਲੇ ਬੋਲੀਕਾਰ (ਠੇਕੇਦਾਰ) ਵੱਲੋਂ ਦਿਤੀ ਗਈ ਬੋਲੀ ਮੰਜੂਰ ਕਰਨ ਦਾ ਇਸ ਦਫਤਰ ਪਾਸ ਪੂਰਾ ਹੱਕ ਹੋਵੇਗਾ।
7. ਇਸ ਤੋਂ ਇਲਾਵਾ ਇਸ ਦਫਤਰ ਪਾਸ ਇਹ ਹੱਕ ਰਾਖਵਾਂ ਕਿ ਉਹ ਕਿਸੇ ਵੀ ਸਮੇਂ ਇਹ ਬੋਲੀ ਬਿਨਾਂ ਕਿਸੇ ਪੂਰਵ ਨੋਟਿਸ/ਕਾਰਨ ਦੱਸੇ ਰੱਦ ਕਰ ਸਕਦਾ ਹੈ।
8. ਬੋਲੀਕਾਰ (ਠੇਕੇਦਾਰ) ਦੇ ਬੋਲੀ ਜਿੱਤਣ ਉਪਰੰਤ ਤਿੰਨ ਦਿਨਾਂ ਦੇ ਅੰਦਰ-ਅੰਦਰ ਇਹ ਸਮਾਨ ਚਕਵਾਉਣਾ ਲਾਜ਼ਮੀ ਹੋਵੇਗਾ। ਜੇਕਰ ਬੋਲੀਕਾਰ(ਠੇਕੇਦਾਰ) ਤਿੰਨ ਦਿਨਾਂ ਵਿੱਚ ਇਹ ਸਮਾਨ ਚੱਕਣ ਵਿੱਚ ਅਸਮਰਥ ਹੁੰਦਾ ਹੈ ਤਾਂ 1000 ਪ੍ਰਤੀ ਦਿਨ ਦਾ ਜੁਰਮਾਨਾ ਲਿਆ ਜਾਵੇਗਾ।

ਪ੍ਰਿੰਸੀਪਲ

O/C ਸਰਕਾਰੀ ਆਯੂਰਵੈਦਿਕ ਕਾਲਜ

ਪਟਿਆਲਾ 6/7/26